a2zpapers.com

**Exam. Code : 112102**
**Subject Code : 1902**

## B. Design (Multimedia) Semester—II
## PUNJABI COMPULSORY

Time Allowed—3 Hours] [Maximum Marks—50

1. **'ਕੰਪਿਊਟਰ ਅਤੇ ਇੰਟਰਨੈੱਟ'** ਲੇਖ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

**'ਅੱਖਾਂ'** ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 10

2. **'ਪਠਾਣ ਦੀ ਧੀ'** ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

**'ਉਜਾੜ'** ਕਹਾਣੀ ਦੇ ਮੁੱਖ ਪਾਤਰ ਦਾ ਪਾਤਰ ਚਿਤਰਨ ਕਰੋ। 10

3. ਪੜਨਾਂਵ ਨੂੰ ਪਰਿਭਾਸ਼ਤ ਕਰਦੇ ਹੋਏ ਇਸਦੀਆਂ ਕਿਸਮਾਂ ਦਾ ਉਲੇਖ ਕਰੋ।

**ਜਾਂ**

ਸ਼ਬਦ-ਰਚਨਾ ਕੀ ਹੁੰਦੀ ਹੈ ? ਇਸ ਦੇ ਮੁੱਢਲੇ ਸੰਕਲਪ ਸਪੱਸ਼ਟ ਕਰਦੇ ਹੋਏ ਵਿਸਥਾਰਪੂਰਵਕ ਨੋਟ ਲਿਖੋ। 10



a2zpapers.com
www.a2zpapers.com
We provide GNDU question papers, PTU question papers, PU question paper

a2zpapers.com

4. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ ਪੈਰ੍ਹਾ ਰਚਨਾ ਲਿਖੋ :

(ੳ) ਸੱਚ ਦੀ ਅਹਿਮੀਅਤ

(ਅ) ਨਾਨਕ ਦੁਖੀਆ ਸਭੁ ਸੰਸਾਰੁ

(ੲ) ਵਿਦਿਆਰਥੀ ਅਤੇ ਮਲਟੀ-ਮੀਡੀਆ। 5

5. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

**ਜਗ-ਮਗ** ਜਗਦਿਆਂ ਦੀਵਿਆਂ ਦੀਆਂ ਜੋਤਾਂ ਦੀ ਟਿਮ-ਟਿਮਾਂਦੀ ਇਹ ਦੀਵਾਲੀ ਦੀ ਰਾਤ ਕੀ ਆਉਂਦੀ ਹੈ, ਲੋਕਾਂ ਦੇ ਦਿਲਾਂ ਦੀਆਂ ਹਨੇਰੀਆਂ ਗੁਠਾਂ ਰੁਸ਼ਨਾ ਜਾਂਦੀ ਹੈ ਪਰ ਨਾਲ ਹੀ ਕਈ ਸਾਕੇ ਵੀ ਵਰਤਾ ਛੱਡਦੀ ਹੈ। ਦੀਵਾਲੀ ਆਉਣ ਤੋਂ ਪਹਿਲਾਂ ਮੇਰੇ ਪਿੰਡ ਦਾ ਹਰ ਘਰ **ਲਿੰਪਿਆ-ਪੋਚਿਆ** ਜਾਂਦਾ ਹੈ। ਕਾਲੀ ਮਿੱਟੀ ਦਾ ਪਰੋਲਾ, ਪਾਂਡੂ ਵਾਲੀ ਮਿੱਟੀ ਦਾ ਪੋਚਾ, ਗੋਕੇ ਦੇ ਗੋਹੇ ਦੀ **ਤਲੀ ਫੇਰ** ਕੇ ਕੰਧਾਂ ਕੌਲੇ ਅਤੇ ਚੌਕੇ ਚੁੱਲੇ ਦੀ ਸਾਰੀ ਟੁੱਟ-ਫੁੱਟ ਦੂਰ ਕਰ ਲਈ ਜਾਂਦੀ ਹੈ। ਇਹ ਜਨਾਨੀਆਂ ਦੇ ਬੜੇ ਰੁਝੇਵੇਂ ਦੇ ਦਿਨ ਹੁੰਦੇ ਹਨ। "ਲੈ ਭੇਣ ਐਤਕੀ ਤਾਂ ਤੁਹਾਡੀ ਸਲਾਹ ਐ ਕਿਸੇ ਦੇ ਘਰ ਲੱਛਮੀ ਦੇ ਚਰਨ ਪੈਣ ਈ ਨਹੀਂ ਦੇਣੇ।" ਇਕ ਗੁਆਂਢਣ ਆ ਕੇ ਘਰ ਦੇ ਲਿੱਪਣ-ਪੋਚਣ ਦੇ ਕੰਮ ਨੂੰ ਸਲਾਹੁੰਦੀ ਵੀ ਹੈ ਤੇ ਆਪਣੇ ਸ਼ਰੀਕੇ ਵਾਲੀ **ਗੁੱਝੀ** ਈਰਖਾ ਦੀ ਰਮਜ਼ ਵੀ ਮਾਰ ਛੱਡਦੀ ਹੈ। 'ਸਾਡੇ ਕੀਹਨੇ, ਲੱਛਮੀ ਦੇ ਪੈਰ ਪੈਣ ਦੇਣੇ ਨੇ, ਜਦੋਂ ਤੇਰੇ ਵਰਗੀਆਂ ਦਾਨੀਆਂ ਬੂਹੇ ਬੜਦੀ ਨੂੰ ਘਰੂੰਟੀ ਲੈਣ ਵਾਲੀਆਂ ਖੜ੍ਹੀਆਂ



a2zpapers.com
www.a2zpapers.com
We provide GNDU question papers, PTU question papers, PU question paper

a2zpapers.com

ਹੋਈਆਂ ਨੇ। ਭਾਈ ਬਹਾਨੇ ਸਿਰ ਘਰ ਦੇ ਕੰਧਾਂ ਕੌਲੇ ਲਿਪੇ ਜਾਂਦੇ ਨੇ, ਨਹੀਂ ਤਾਂ ਘੋਲ ਵਿੱਚ ਸਾਲ ਈ ਲੰਘ ਜਾਂਦੇ ਨੇ।' ਸ਼ਰੀਕਣੀ ਨੂੰ ਪਹਿਲਾਂ ਇਕ ਕਹਾਣੀ ਸੁਣਾ ਕੇ ਫਿਰ ਧੀਮੀ ਆਵਾਜ਼ ਨਾਲ ਅਗਲੀ ਗੱਲ ਸ਼ੁਰੂ ਕਰ ਦਿੱਤੀ ਜਾਂਦੀ ਹੈ।

**ਪ੍ਰਸ਼ਨ :**

(1) ਦੀਵਾਲੀ ਆਉਣ ਤੋਂ ਪਹਿਲਾਂ ਦੇ ਦਿਨ ਇਸਤਰੀਆਂ ਲਈ ਰੁਝੇਵੇਂ ਭਰੇ ਕਿਵੇਂ ਹੁੰਦੇ ਹਨ ?

(2) ਘਰਾਂ ਨੂੰ ਲਿਪਣ-ਪੋਚਣ ਪਿਛੇ ਅਸਲ ਮਨੋਰਥ ਕੀ ਜਾਪਦਾ ਹੈ ?

(3) ਇਸ ਪੈਰ੍ਹੇ ਦਾ ਸਿਰਲੇਖ ਦਿਉ।

(4) ਇਸ ਪੈਰ੍ਹੇ ਵਿੱਚ ਆਏ ਸ਼ਬਦਾਂ ਤਲੀ ਫੇਰਨਾ, ਜਗਮਗਾਉਣਾ, ਲਿਪਣਾ-ਪੋਚਣਾ ਅਤੇ ਗੁੱਝੀ ਦੇ ਅਰਥ ਦੱਸੋ।

(5) ਪੈਰ੍ਹੇ ਵਿੱਚ ਆਏ ਕੁਝ ਵਿਸ਼ੇਸ਼ਣ ਅਤੇ ਕਿਰਿਆਵਾਂ ਦੀ ਸੂਚੀ ਤਿਆਰ ਕਰੋ।

5

6. ਹੇਠ ਲਿਖੇ **ਮੁਹਾਵਰੇ** ਅਤੇ **ਅਖਾਣਾਂ** ਵਿੱਚੋਂ **ਪੰਜ-ਪੰਜ** ਨੂੰ ਵਾਕਾਂ ਵਿੱਚ ਵਰਤੋ :

(ੳ) **ਮੁਹਾਵਰੇ:** ਉਸਤਾਦੀ ਕਰਨੀ, ਜੀਭ 'ਤੇ ਜੰਦਰਾ ਲਾਉਣਾ, ਟਾਲ-ਮਟੋਲ ਕਰਨਾ, ਮੌਤ ਤੋਂ ਬਚਾਉਣਾ, ਛਿੱਲ ਲਾਉਣੀ, ਛੋਲੇ ਦੇ ਕੇ ਪੜ੍ਹਨਾ, ਘੁਸਰ-ਮੁਸਰ ਕਰਨਾ, ਝਾਂਸੇ ਵਿੱਚ ਆਉਣਾ।



a2zpapers.com
www.a2zpapers.com
We provide GNDU question papers, PTU question papers, PU question papers

a2zpapers.com

(ਅ) **ਅਖਾਣ:** ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ, ਉੱਚੀ ਦੁਕਾਨ ਫਿੱਕਾ ਪਕਵਾਨ, ਉਠ ਸਕੇ ਨਾ ਫਿੱਟੇ ਮੂੰਹ ਗੋਡਿਆਂ ਦਾ, ਇਹ ਜੱਗ ਮਿੱਠਾ ਅਗਲਾ ਕਿਸ ਡਿੱਠਾ, ਇਲਾਜ ਨਾਲੋਂ ਪਰਹੇਜ਼ ਚੰਗਾ, ਸਰਫਾ ਕਰ ਕੇ ਸੁੱਤੀ ਆਟਾ ਖਾ ਗਈ ਕੁੱਤੀ, ਸਾਂਝਾ ਬਾਪ ਨਾ ਪਿਟੇ ਕੋਇ, ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ। 5+5=10



a2zpapers.com
www.a2zpapers.com
We provide GNDU question papers, PTU question papers, PU question papers